ਸ੍ਰਾਂਤਿ-ਬੁੰਦ

G-17 سوانتی بوند

ਜਾਗ੍ਰਤਾ ਦੇ ਕ੍ਰਾਲ ਹਿਲੋਰੇ, ਜੁਗ-ਗਰਦੀ ਦਾ ਚਕ੍ਰ ਚਲਾ।
ਪਲਟਾ ਦੇ ਉਲਟਾ ਦੇ ਸਭ ਕੁਝ, ਨਵਾਂ ਸਮਾਜ ਸਾਜ ਦਿਖਲਾ।

DYAL SINGH LAHORE. LIBRARY.

ਅਵਤਾਰ ਸਿੰਘ 'ਆਜ਼ਾਦ'

ਪਹਿਲੀ ਵਾਰ

ਮੁਲ ੨)

ALL RIGHTS RESERVED.

ਦ੍ਰ ੧.੪੨੧
24114

ਪ੍ਰਕਾਸ਼ਕ—
'ਫਤਹ ਪ੍ਰਿੰਟਿੰਗ ਪ੍ਰੈਸ' ਲਾਹੌਰ

1932
ਜੂਨ ੧੯੩੮

ਦੋ ਗਲਾਂ

ਉਹ ਆਦਮੀ ਜੋ ੧੯੨੩ ਦੇ ਆਰੰਭ ਤੋਂ ਅਖ਼ਬਾਰੀ ਦੁਨੀਆ ਵਿਚ ਕੰਮ ਕਰ ਰਿਹਾ ਹੈ, ਉਸ ਨੂੰ ਕਿਸੇ ਵਡੇ ਆਦਮੀ ਰਾਹੀਂ ਇਸ ਪੁਸਤਕ ਦੇ ਮਾਨਯੋਗ ਪਾਠਕਾਂ ਨਾਲ ਰਸਮੀ ਜਾਣ ਪਛਾਣ ਕਰਵਾਉਣ ਦੀ ਉੱਕੀ ਹੀ ਲੋੜ ਨਹੀਂ। ਮੈਂ ਪੰਜਾਬੀ ਜਗਤ ਨਾਲ ਚੰਗੀ ਤਰ੍ਹਾਂ ਪ੍ਰਚਿਤ ਹਾਂ ਅਤੇ ਮੇਰੀ ਕਵਿਤਾ ਸੰਬੰਧੀ ਜੋ ਰਾਇ ਮੇਰੇ ਸਜਣ ਰਖਦੇ ਹਨ, ਉਹ ਨਾ ਮੈਥੋਂ ਲੁਕੀ ਹੋਈ ਹੈ ਅਤੇ ਨਾ ਹੀ ਮੇਰੇ ਮਿਤ੍ਰਾਂ ਪਾਸੋਂ।

ਇਸ ਪੁਸਤਕ ਵਿਚ ਮੇਰੀਆਂ ਉਹਨਾਂ ਕਵਿਤਾਵਾਂ ਦਾ ਸੰਗ੍ਰਹਿ ਹੈ, ਜੋ ਮੇਰੇ ਮਿਤ੍ਰਾਂ ਦੇ ਖਿਆਲ ਵਿਚ ਨਵੇਂ ਸਿਰੇ ਪੁਸਤਕ ਆਕਾਰ ਵਿਚ ਲਿਆਉਣ ਜੋਗ ਸਨ ਤੇ ਉਹਨਾਂ ਦੇ ਉਸ ਖਿਆਲ ਨੇ ਹੀ ਮੈਨੂੰ ਇਸ ਗਲ ਲਈ ਪ੍ਰੇਰਿਆ, ਕਿ ਮੈਂ ਆਪਣੇ ਮਾਨ ਯੋਗ ਤੇ ਮਿਹਰਬਾਨ ਮਿਤ੍ਰ ਸ੍ਰੀ ਮਾਨ ਸਰਦਾਰ ਲਾਭ ਸਿੰਘ ਜੀ "ਨਾਰੰਗ" ਪਾਸ ਬੇਨਤੀ ਕਰਾਂ, ਜੁ ਉਹ ਮੇਰੇ ਮਿਤ੍ਰਾਂ ਦੀ ਖਾਹਸ਼ ਨੂੰ ਪੂਰਾ ਕਰਨ ਲਈ, ਇਸ ਪੁਸਤਕ ਦੀ ਛਪਾਈ ਦਾ ਸਾਰਾ ਭਾਰ ਆਪਣੇ ਬਲਵਾਨ ਮੋਢਿਆਂ ਉਤੇ ਚੁਕ ਲੈਣ। ਮੈਂ ਆਪਣੇ ਆਪ ਨੂੰ ਸੁਭਾਗ ਸਮਝਦਾ ਹਾਂ ਕਿ ਸ੍ਰੀ ਮਾਨ 'ਨਾਰੰਗ' ਜੀ ਨੇ ਬੜੀ ਖੁਲ ਦਿਲੀ ਨਾਲ ਮੇਰੀ ਬੇਨਤੀ ਨੂੰ ਝਟ ਪਟ ਮੰਨ ਲਿਆ ਅਤੇ ਮੇਰੀਆਂ ਕਵਿਤਾਵਾਂ ਜੋ ਬਿਹੰਗਮ ਹਾਲਤ ਵਿਚ ਪਈਆਂ ਸਨ, ਇਕ ਸੁੰਦਰ ਪੁਸਤਕ ਦਾ ਰੂਪ ਧਾਰਨ ਕਰ ਕੇ, ਪਾਠਕਾਂ ਦੇ ਹਥਾਂ ਵਿਚ ਪਹੁੰਚ

ਰਹੀਆਂ ਹਨ। ਨਿਰ ਸੰਦੇਹ ਜੇ ਕਰ ਸ੍ਰੀ ਮਾਨ ਸਰਦਾਰ ਲਾਭ ਸਿੰਘ ਜੀ "ਨਾਰੰਗ" ਜੈਸਾ ਉਦਾਰ ਮਿਤ੍ਰ, ਇਸ ਭਾਰ ਨੂੰ ਨਾ ਉਠਾ ਲੈਂਦਾ, ਤਾਂ ਮੇਰੀ ਇਹ ਸਾਰੀ ਮਿਹਨਤ ਅਕਾਰਤ ਹੀ ਚਲੀ ਜਾਂਦੀ ਅਤੇ ਬਹੈਸੀਅਤ ਇਕ ਕਵੀ ਦੇ, ਮੇਰੀ ਉਮਰ ਦੇ ਨਾਲ ਹੀ ਸ਼ਾਇਦ ਮੇਰੀ ਕਵਿਤਾ ਦੀ ਸਮਾਪਤੀ ਵੀ ਹੋ ਜਾਂਦੀ ।

ਆਪਣੀ ਮਾਤ ਬੋਲੀ ਵਿਚ ਕਵਿਤਾ ਲਿਖਣ ਦਾ ਸ਼ੌਕ ਮੈਨੂੰ ਉਸ ਸਮੇਂ ਤੋਂ ਹੈ, ਜਦ ਮੈਂ ਪਢਾਣੇ ਦੇ ਮਿਡਲ ਸਕੂਲ ਵਿਚ ਪੜ੍ਹਿਆ ਕਰਦਾ ਸਾਂ। ਉਸ ਨਿੱਕੀ ਜਹੀ ਉਮਰ ਵਿਚ, ਸਭ ਤੋਂ ਪਹਿਲਾਂ ਮੈਂ ਛੋਟੇ ਸਾਹਿਬ ਜ਼ਾਦਿਆਂ ਦਾ ਸ਼ਹੀਦੀ ਸਾਕਾ ਲਿਖਿਆ ਸੀ, ਅਤੇ ਕਿਉਂਕਿ ਮੇਰੀ ਉਸ ਪਹਿਲੀ ਰਚਨਾਂ ਦੀ, ਮੇਰੇ ਇਰਦ ਗਿਰਦ ਦੇ ਵਾਕਫ ਕਾਰਾਂ ਨੇ ਕਾਫੀ ਸ਼ਲਾਘਾ ਕੀਤੀ, ਇਸ ਲਈ ਮੈਨੂੰ ਕਵਿਤਾ ਲਿਖਣ ਦਾ ਵਧੇਰੇ ਸ਼ੌਕ ਹੋ ਗਿਆ। ਜਦ ਮੈਂ ਖਾਲਸਾ ਕਾਲਜ ਗਿਆ, ਤਾਂ ਉਥੇ ਗਿਆਨੀ ਬਿਸ਼ਨ ਸਿੰਘ ਜੀ ਨੇ ਮੇਰਾ ਉਤਸ਼ਾਹ ਵਧਾਇਆ ਅਤੇ ਮੈਂ ਹੌਲੀ ਹੌਲੀ ਅਖਬਾਰੀ ਦੁਨੀਆ ਨਾਲ ਵਾਕਫੀ ਪੈਦਾ ਕੀਤੀ । ੧੯੨੩ ਵਿਚ ਮੈਂ ਪੜ੍ਹਾਈ ਨੂੰ ਵਿਚੇ ਛਡ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ ਅਤੇ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆ ਸਮੇਂ ਮੈਂ ਅਨੇਕਾਂ ਗਰਮਾਂ ਗਰਮ ਕਵਿਤਾਵਾਂ ਲਿਖੀਆਂ। ੧੯੨੪ ਵਿਚ ਮੇਰੇ ਮਿਤ੍ਰ ਸਰਦਾਰ ਮਿਹਰ ਸਿੰਘ ਜੀ ਨੇ ਮੇਰੀਆਂ ਉਹਨਾਂ ਕਵਿਤਾਵਾਂ ਨੂੰ 'ਕੈਦੀ ਬੀਰ' ਦਾ ਨਾਮ ਦੇ ਕੇ ਪ੍ਰਕਾਸ਼ਤ ਕੀਤਾ, ਪਰ ਹਾਲਾਂ ਪੁਸਤਕ ਬਾਜ਼ਾਰ ਵਿਚ ਆਈ ਹੀ ਸੀ, ਕਿ ਸਰਕਾਰ ਪੰਜਾਬ ਨੇ ਉਸ ਨੂੰ ਜ਼ਬਤ ਕਰ ਲਿਆ। ਇਸੇ ਪੁਸਤਕ ਦੇ ਸੰਬੰਧ ਵਿਚ ਮੇਰੇ ਵਿਰੁਧ ੧੨੪ (ਉ) ਅਨੁਸਾਰ ਮੁਕੱਦਮਾ ਵੀ ਚਲਾਇਆ ਗਿਆ ਅਤੇ ਮੈਨੂੰ ਦੋ ਸਾਲ ਲਈ ਜੇਲ੍ਹ ਯਾਤਰਾ ਦਾ ਸੁਭਾਗ ਪ੍ਰਾਪਤ ਹੋਇਆ।

੧੯੨੬ ਵਿਚ ਮੈਂ ਰਿਹਾ ਹੋ ਕੇ ਆ ਗਿਆ, ਪਰ ਉਹ ਚੇਟਕ ਜਿਹ ਨੇ ਮੈਨੂੰ ਜੇਲ੍ਹ ਖਾਨੇ ਦੀ ਹਵਾ ਖੁਆਈ ਸੀ, ਮਧਮ ਪੈਣ ਦੀ ਬਜਾਇ ਵਧੇਰੇ ਤੇਜ਼ ਹੋ ਗਿਆ, ਅਤੇ ਮੈਂ ਕਈ ਵਖ ਵਖ ਅਖਬਾਰਾਂ ਤੇ ਰਸਾਲਿਆਂ ਲਈ ਕਵਿਤਾਵਾਂ ਤੇ ਲੇਖ ਲਿਖਦਾ ਰਿਹਾ। ਮੇਰੀਆਂ ਵਧੀਕ ਕਵਿਤਾਵਾਂ 'ਪ੍ਰੀਤਮ' 'ਕਿਰਤੀ', 'ਬਬਰ ਸ਼ੇਰ', 'ਅਕਾਲੀ ਪਤ੍ਰਕਾ', 'ਮੌਜੀ' ਅਤੇ 'ਫਤਹ' ਵਿਚ ਛਪੀਆਂ ਹਨ ਅਤੇ ਏਹੋ ਅਖਬਾਰ ਤੇ ਰਸਾਲੇ ਹੀ ਹਨ, ਜਿਨ੍ਹਾਂ ਨੇ ਮੈਨੂੰ ਸਾਹਿਤਕ ਦੁਨੀਆ ਨਾਲ ਪ੍ਰਚਿਤ ਕਰਾਇਆ ਹੈ।

ਇਸ ਪੁਸਤਕ ਵਿਚ ਦਿਤੀਆਂ ਗਈਆਂ ਕਵਿਤਾਵਾਂ ਵਿਚ ਵਧੇਰੇ ਉਹ ਹਨ, ਜੋ ਅਨ-ਛਪੀਆਂ ਹਨ ਅਤੇ ਜੋ ਅਖਬਾਰਾਂ ਲਈ ਨਹੀਂ ਲਿਖੀਆਂ ਗਈਆਂ। ਸਚ ਤਾਂ ਇਹ ਹੈ ਕਿ ਅਖਬਾਰੀ ਕਵਿਤਾਵਾਂ ਲਿਖੀਆਂ ਨਹੀਂ ਜਾਂਦੀਆਂ, ਸਗੋਂ ਦਿਮਾਗ ਨੂੰ ਮਜਬੂਰ ਕਰ ਕੇ ਲਿਖਵਾਈਆਂ ਜਾਂਦੀਆਂ ਹਨ । ਏਹੋ ਕਾਰਨ ਹੈ ਕਿ ਅਖਬਾਰੀ ਕਵਿਤਾਵਾਂ ਤੋਂ ਕਵੀ ਦੇ ਅਸਲ ਮੈਆਰ ਦਾ ਅੰਦਾਜ਼ਾ ਨਹੀਂ ਕੀਤਾ ਜਾ ਸਕਦਾ ਤੇ ਉਹ ਪੜ-ਚੋਲੀਏ ਸਜਣ, ਜੋ ਕਿਸੇ ਕਵੀ ਦਾ ਮੈਆਰ ਉਸ ਦੀਆਂ ਅਖਬਾਰਾਂ ਵਿਚ ਛਪੀਆਂ ਕਵਿਤਾਵਾਂ ਤੋਂ ਪਰਖਦੇ ਹਨ, ਉਹ ਉਸ ਨਾਲ ਇਨਸਾਫ ਨਹੀਂ ਕਰਦੇ। ਕਵਿਤਾ ਉਹੀ ਹੁੰਦੀ ਹੈ, ਜਿਸ ਦੇ ਲਿਖਣ ਲਈ ਕਵੀ ਨੂੰ ਮਜ-ਬੂਰ ਨਹੀਂ ਕੀਤਾ ਜਾਂਦਾ, ਬਲਕਿ ਕੁਦਰਤ ਆਪ ਉਸ ਉਤੇ ਕਵਿਤਾ ਉਤਾਰਦੀ ਹੈ ਅਤੇ ਉਸ ਆਮਦ ਦੀ ਹਾਲਤ ਵਿਚ, ਕਵੀ ਨੂੰ ਨਾ ਖਿਆਲ ਲੱਭਣ ਦੀ ਲੋੜ ਭਾਸਦੀ ਹੈ, ਨਾ ਸ਼ਬਦਾਂ ਪਿਛੇ ਨੱਸਣਾਂ ਪੈਂਦਾ ਹੈ ਅਤੇ ਨਾ ਹੀ ਇਕ ਇਕ ਸਤਰ ਲਿਖਣ ਵੇਲੇ ਘੜੀਆਂ ਬੱਧੀ ਸੋਚ ਸਾਗਰ ਵਿਚ ਟੁਭੀਆਂ ਲਾਉਣੀਆਂ ਪੈਂਦੀਆਂ ਹਨ। ਇਸ ਸੰਗ੍ਰਹਿ ਵਿਚ ਵਧੀਕ ਕਵਿਤਾਵਾਂ ਇਸੇ ਸ੍ਰੇਣੀ ਦੀਆਂ ਹਨ ਅਤੇ ਕਈ ਵੇਰਾਂ ਤਾਂ ਐਸਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.